ਪਿਆਰੇ ਨਿਵਾਸੀ

ਅਸੀਂ ਤੁਹਾਨੂੰ ਵਿੰਡਸਰ ਰੋਡ, ਰਿਵਰਸਟੋਨ NSW ਵਿਖੇ ਸਥਿਤ ਏ.ਜੇ. ਬੁਸ਼ ਐਂਡ ਸੰਨਜ਼ (ਬੁਸ਼ ਪ੍ਰੋਟੀਨ) ਸਥਾਨ ਦੇ ਸੰਬੰਧ ਵਿੱਚ ਲਿਖ ਰਹੇ ਹਾਂ।

NSW ਦੀ ਵਾਤਾਵਰਨ ਸੁਰੱਖਿਆ ਅਥਾਰਟੀ (EPA) ਏ.ਜੇ. ਬੁਸ਼ ਐਂਡ ਸੰਨਜ਼ ਦੇ ਵਿਰੁੱਧ ਉਹਨਾਂ ਦੇ ਸਥਾਨ 'ਤੇ ਮਾੜੇ ਵਾਤਾਵਰਨ ਸੰਬੰਧੀ ਕੰਮ ਕਰਨ ਦੇ ਤਰੀਕਿਆਂ ਲਈ ਸਖ਼ਤ ਕਾਰਵਾਈ ਕਰ ਰਹੀ ਹੈ, ਜਿਸ ਕਾਰਨ ਭਾਈਚਾਰੇ ਵਿੱਚ ਬਦਬੂ ਆ ਰਹੀ ਹੈ। ਬਦਬੂ ਦੇ ਪ੍ਰਭਾਵਾਂ ਨੂੰ ਘਟਾਉਣ ਦੀ ਜ਼ਿੰਮੇਵਾਰੀ ਏ.ਜੇ. ਬੁਸ਼ ਐਂਡ ਸੰਨਜ਼ ਦੀ ਹੈ। ਹਾਲਾਂਕਿ ਮੀਟ ਰੈਂਡਰਿੰਗ ਦੇ ਕੰਮਾਂ ਤੋਂ ਕੁੱਝ ਬਦਬੂ ਆਉਣ ਦੀ ਉਮੀਦ ਕੀਤੀ ਜਾਂਦੀ ਹੈ, ਹਾਲ ਹੀ ਦੇ ਗੰਧ ਦੇ ਪ੍ਰਭਾਵ ਸਾਡੇ ਜਾਂ ਨਿਵਾਸੀਆਂ ਲਈ ਸਵੀਕਾਰਯੋਗ ਨਹੀਂ ਹਨ।

**ਬਦਬੂ ਆਉਣ ਬਾਰੇ EPA ਕੀ ਕਰ ਰਿਹਾ ਹੈ?**

ਅਸੀਂ ਏ.ਜੇ. ਬੁਸ਼ ਐਂਡ ਸੰਨਜ਼ ਨੂੰ ਵਾਤਾਵਰਨ ਸੁਰੱਖਿਆ ਲਾਇਸੈਂਸ ਰਾਹੀਂ ਨਿਯੰਤ੍ਰਿਤ ਕਰਦੇ ਹਾਂ। ਇਹ ਲਾਇਸੈਂਸ EPA ਦੇ ਪਬਲਿਕ ਰਜਿਸਟਰ 'ਤੇ ਉਪਲਬਧ ਹੈ।

ਅਸੀਂ ਬਦਬੂ ਦੇ ਪ੍ਰਭਾਵਾਂ ਨੂੰ ਘਟਾਉਣ ਲਈ ਏ.ਜੇ. ਬੁਸ਼ ਐਂਡ ਸੰਨਜ਼ ਦੀਆਂ ਕਾਨੂੰਨੀ ਸ਼ਰਤਾਂ ਦੀ ਪਾਲਣਾ ਕਰਨ ਦੀ ਨੇੜਿਓਂ ਨਿਗਰਾਨੀ ਕਰ ਰਹੇ ਹਾਂ, ਦੁਆਰਾ:

- ਤੁਹਾਡੇ ਸਥਾਨਕ ਖੇਤਰ ਵਿੱਚ ਹਫ਼ਤਾਵਾਰੀ ਬਦਬੂ ਸਰਵੇਖਣ ਕਰਵਾ ਕੇ
- ਇਹ ਯਕੀਨੀ ਬਣਾਉਣ ਲਈ ਕਿ ਏ.ਜੇ. ਬੁਸ਼ ਐਂਡ ਸੰਨਜ਼ ਆਪਣੀਆਂ ਕਾਨੂੰਨੀ ਸ਼ਰਤਾਂ ਦੀ ਪਾਲਣਾ ਕਰ ਰਿਹਾ ਹੈ, ਅਣ-ਐਲਾਨਿਆ ਨਿਰੀਖਣ ਕਰਨ ਅਤੇ ਸਵਾਲ ਪੁੱਛਣ ਬਾਰੇ ਸਾਡੀਆਂ ਮਜ਼ਬੂਤ ਸ਼ਕਤੀਆਂ ਦੀ ਵਰਤੋਂ ਕਰਕੇ।
- ਸਤੰਬਰ 2023 ਵਿੱਚ ਸਾਜ਼ੋ-ਸਾਮਾਨ ਵਿੱਚੋਂ ਰਿਸਾਵ ਜਾਂ ਲੀਕ ਹੋਣ ਤੋਂ ਬਾਅਦ ਦੇ ਕਈ ਮਾਮਲਿਆਂ ਦੀ ਜਾਂਚ ਕਰਨਾ ਜਾਰੀ ਰੱਖ ਕੇ। ਉਸ ਸਮੇਂ ਅਸੀਂ ਏ.ਜੇ. ਬੁਸ਼ ਐਂਡ ਸੰਨਜ਼ ਨੂੰ ਇੱਕ ਸਫ਼ਾਈ ਨੋਟਿਸ ਜਾਰੀ ਕੀਤਾ ਸੀ, ਜਿਸ ਵਿੱਚ ਬਦਬੂ ਫੈਲਣ ਦੇ ਜ਼ੋਖਮ ਨੂੰ ਘਟਾਉਣ ਲਈ ਤੁਰੰਤ ਸਫ਼ਾਈ ਕਰਨ ਦੀ ਲੋੜ ਸੀ।
- ਬਦਬੂ ਬਾਰੇ ਕਮਿਊਨਿਟੀ ਰਿਪੋਰਟਾਂ ਦਾ ਜਵਾਬ ਦੇ ਕੇ।
- ਏ.ਜੇ. ਬੁਸ਼ ਐਂਡ ਸੰਨਜ਼ ਨੂੰ ਉਹਨਾਂ ਦੇ ਸਥਾਨ 'ਤੇ ਵਾਤਾਵਰਨ ਸੰਬੰਧੀ ਕੰਮ ਕਰਨ ਦੇ ਤਰੀਕਿਆਂ ਨੂੰ ਬਿਹਤਰ ਬਣਾਉਣ ਦੀ ਮੰਗ ਕਰਕੇ।

EPA ਏ.ਜੇ. ਬੁਸ਼ ਐਂਡ ਸੰਨਜ਼ ਦੇ ਸੰਚਾਲਨ ਅਤੇ ਲਾਇਸੈਂਸ ਦੀ ਪਾਲਣਾ ਬਾਰੇ ਸਰਗਰਮੀ ਨਾਲ ਜਾਂਚ ਕਰਨਾ ਜਾਰੀ ਰੱਖੇਗਾ ਅਤੇ ਜਿੱਥੇ ਉਚਿਤ ਹੋਵੇ, ਸਖ਼ਤ ਰੈਗੂਲੇਟਰੀ ਕਾਰਵਾਈ ਕਰੇਗਾ।

**ਤੁਸੀਂ ਕੀ ਕਰ ਸਕਦੇ ਹੋ?**

ਸਾਡੀ ਬਦਬੂ ਬਾਰੇ ਕੀਤੀ ਜਾ ਰਹੀ ਜਾਂਚ ਵਿੱਚ ਕਮਿਊਨਿਟੀ ਰਿਪੋਰਟਾਂ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ। ਜਦੋਂ ਕੋਈ ਨਵੇਂ ਮੁੱਦੇ ਪੈਦਾ ਹੁੰਦੇ ਹਨ ਤਾਂ ਇਹ ਰਿਪੋਰਟਾਂ ਉਹ ਜਾਣਕਾਰੀ ਪ੍ਰਦਾਨ ਕਰਦੀਆਂ ਹਨ ਜੋ EPA ਦੀ ਯੋਜਨਾ ਬਣਾਉਣ ਅਤੇ ਜਾਂਚ ਕਰਨ ਵਿੱਚ ਸਹਾਇਤਾ ਕਰਦੀਆਂ ਹਨ। ਬਦਬੂ ਬਾਰੇ ਮਹੱਤਵਪੂਰਨ ਜਾਣਕਾਰੀ ਤੱਥ ਸ਼ੀਟ ਅਤੇ ਬਦਬੂ ਲੌਗ ਸ਼ੀਟ ਦੀ ਵਰਤੋਂ ਕਰਕੇ ਰਿਕਾਰਡ ਕੀਤੀ ਜਾ ਸਕਦੀ ਹੈ।

ਇਸ QR ਕੋਡ ਨੂੰ ਤੱਥ ਸ਼ੀਟ ਅਤੇ ਬਦਬੂ ਲੌਗ ਸ਼ੀਟ ਨੂੰ ਦੇਖਣ ਲਈ ਸਕੈਨ ਕਰੋ।

ਜੇਕਰ ਤੁਸੀਂ ਬਦਬੂ ਦੇ ਪ੍ਰਭਾਵਾਂ ਨੂੰ ਮਹਿਸੂਸ ਕਰ ਰਹੇ ਹੋ, ਤਾਂ ਕਿਰਪਾ ਕਰਕੇ:

- ਏ.ਜੇ. ਬੁਸ਼ ਐਂਡ ਸੰਨਜ਼ ਨਾਲ (02) 8080 4347 24/7 'ਤੇ ਸਿੱਧਾ ਫ਼ੋਨ ਕਰਕੇ, community@bushsproteins.com.au 'ਤੇ ਈਮੇਲ ਕਰਕੇ ਜਾਂ ਇਸ ਵੈੱਬਸਾਈਟ bushsproteins.com.au ਰਾਹੀਂ ਸੰਪਰਕ ਕਰੋ।
- EPA ਨੂੰ Environment Line ਰਾਹੀਂ 131 555 'ਤੇ ਫ਼ੋਨ ਕਰਕੇ ਜਾਂ info@epa.nsw.gov.au 'ਤੇ ਈਮੇਲ ਰਾਹੀਂ ਨਵੀਂ ਜਾਣਕਾਰੀ ਅਤੇ ਬਦਬੂ ਦੀਆਂ ਘਟਨਾਵਾਂ ਦੀ ਰਿਪੋਰਟ ਕਰਨਾ ਜਾਰੀ ਰੱਖੋ।

**ਹੋਰ ਜਾਣਕਾਰੀ**

ਅਸੀਂ ਭਾਈਚਾਰੇ ਨੂੰ ਸੂਚਿਤ ਰੱਖਣ ਲਈ ਵਚਨਬੱਧ ਹਾਂ। ਕੋਈ ਵੀ ਵਿਅਕਤੀ ਜੋ ਅੱਪਡੇਟ ਪ੍ਰਾਪਤ ਕਰਨਾ ਚਾਹੁੰਦਾ ਹੈ, engagement@epa.nsw.gov.au 'ਤੇ ਈਮੇਲ ਕਰਕੇ ਸਾਡੀ ਮੇਲਿੰਗ ਸੂਚੀ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਏ.ਜੇ. ਬੁਸ਼ ਐਂਡ ਸੰਨਜ਼ ਦੇ ਸੰਬੰਧ ਵਿੱਚ ਨਿਯਮਾਂ ਬਾਰੇ ਵਧੇਰੇ ਜਾਣਕਾਰੀ EPA ਵੈੱਬਸਾਈਟ 'ਤੇ ਉਪਲਬਧ ਹੈ।

ਹੋਰ ਜਾਣਕਾਰੀ ਦੇਖਣ ਲਈ ਇਸ QR ਕੋਡ ਨੂੰ ਸਕੈਨ ਕਰੋ।

ਜੇਕਰ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ, ਤਾਂ ਕਿਰਪਾ ਕਰਕੇ EPA ਨਾਲ ਫ਼ੋਨ 131 555 'ਤੇ ਸੰਪਰਕ ਕਰੋ ਜਾਂ info@epa.nsw.gov.au 'ਤੇ ਈਮੇਲ ਕਰੋ।

ਇਸ ਚਿੱਠੀ ਨੂੰ ਪੰਜਾਬੀ ਭਾਸ਼ਾ ਵਿੱਚ ਦੇਖਣ ਲਈ ਇਸ QR ਕੋਡ ਨੂੰ ਸਕੈਨ ਕਰੋ